*ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।*
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ,
ਚੌਥੀ ਮੰਜਿਲ, ਐਸ.ਏ.ਐਸ. ਨਗਰ।
***(ਸੈਕੰਡਰੀ ਸਿੱਖਿਆ ਸ਼ਾਖਾ)***

ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ(ਸੈ:ਸਿ:)
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਪੰਜਾਬ।

ਮੀਮੋ ਨੰਬਰ 10/07-19 ਸੈ:ਸਿ:(4)/2019958ll
ਮਿਤੀ: ਸ.ਅ.ਸ.ਨਗਰ, 27-3-19

ਵਿਸ਼ਾ:- ਸਮੂਹ ਸਕੂਲਾਂ ਦੀ login id ਤੇ ਅਪਲੋਡ ਕੀਤਾ School Infrastructure,Exam Centre & Other Information ਪ੍ਰੋਫਾਰਮਾ ਆਨਲਾਈਨ ਭਰਨ ਅਤੇ ਸਬਮਿਟ ਨਾ ਕਰਨ ਵਾਲੇ ਸਕੂਲਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਬਾਰੇ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ 10/07-19 ਸੈ:ਸਿ:(4) ਮਿਤੀ 24-01-2019 ਦੀ ਲਗਾਤਾਰਤਾ ਵਿੱਚ।

ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਭੇਜ ਕੇ ਲਿਖਿਆ ਗਿਆ ਹੈ ਕਿ ਪੰਜਾਬ ਰਾਜ ਦੇ ਸਮੂਹ ਸਕੂਲਾਂ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਪ੍ਰੀਖਿਆਵਾਂ ਕਰਵਾਉਂਦੇ ਹਨ, ਦੀ ਸਕੂਲ ਲਾਗ ਇੰਨ ਆਈ.ਡੀ. ਵਿੱਚ ਮਿਤੀ 19-07-2018 ਨੂੰ ਇੱਕ School Infrastructure, Exam Centre & Other Information ਪ੍ਰੋਫਾਰਮਾ (84 ਕਾਲਮ) ਪਾਇਆ ਗਿਆ ਸੀ। ਇਸ ਪ੍ਰੋਫਾਰਮੇ ਨੂੰ ਆਨ ਲਾਈਨ ਭਰਿਆ ਜਾਣਾ ਸੀ ਅਤੇ ਫਾਈਨਲ ਸਬਮਿਟ ਕੀਤਾ ਜਾਣਾ ਸੀ। ਇਸ ਪ੍ਰੋਫਾਰਮੇ ਨੂੰ ਆਨ ਲਾਈਨ ਸਬਮਿਟ ਕਰਨ ਲਈ 5800/- ਰੁਪਏ ਫੀਸ ਨਾਲ ਮਿਤੀ 21-01-2019 ਤੱਕ ਦਾ ਸਮਾਂ ਦਿੱਤਾ ਗਿਆ ਸੀ ਅਤੇ ਨਾਲ ਹੀ ਇਹ ਆਦੇਸ਼ ਕੀਤੇ ਗਏ ਸਨ ਕਿ ਇਸ ਮਿਤੀ ਤੱਕ ਜਿਨ੍ਹਾਂ ਸੰਸਥਾਵਾਂ ਵੱਲੋਂ ਫਾਈਨਲ ਸਬਮਿਸ਼ਨ ਨਹੀ਼ ਕੀਤੀ ਜਾਵੇਗੀ, ਉਹਨਾਂ ਸੰਸਥਾਵਾਂ ਦੇ ਪ੍ਰੀਖਿਆਰਥੀਆਂ ਦੇ ਰੋਲ ਨੰਬਰ ਰੋਕ ਲਏ ਜਾਣਗੇ।

ਉਹਨਾਂ ਵੱਲੋਂ ਭੇਜੀ ਸੂਚੀ ਨੱਥੀ ਕਰਕੇ ਲਿਖਿਆ ਹੈ ਕਿ ਇਹਨਾਂ ਸਕੂਲਾਂ ਵੱਲੋਂ ਪ੍ਰੋਫਾਰਮਾ ਆਨ ਲਾਈਨ ਭਰਿਆ ਨਹੀਂ ਗਿਆ। ਜਿਸ ਕਾਰਨ ਇਹਨਾਂ ਨੂੰ ਅੰਤਿਮ ਪੱਤਰ ਰਾਹੀਂ 5800/- ਰੁਪਏ ਜੁਰਮਾਨੇ ਨਾਲ ਮਿਤੀ 20-02-2019 ਤੱਕ ਫਾਈਨਲ ਸਬਮਿਟ/ਫੀਸ ਦਾ ਚਲਾਨ ਜਨਰੇਟ ਕਰਨ ਲਈ ਇੱਕ ਵਿਸ਼ੇਸ਼ ਮੌਕਾ ਦਿੱਤਾ ਗਿਆ ਸੀ। ਪਰ ਸੰਸਥਾ ਵੱਲੋਂ ਹੁਣ ਤੱਕ ਉਕਤ ਪ੍ਰੋਫਾਰਮਾ ਆਨਲਾਈਨ ਨਹੀਂ ਭਰਿਆ ਗਿਆ। ਜਿਸ ਕਰਕੇ ਸੰਸਥਾ ਦੇ ਸਰਟੀਫਿਕੇਟ ਰੋਕੇ ਜਾ ਰਹੇ ਹਨ।

ਇਸ ਸਬੰਧੀ ਮਿਤੀ 24-01-2019 ਨੂੰ ਪੱਤਰ ਲਿਖ ਕੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ , ਪਰ ਲੱਗਦਾ ਹੈ ਕਿ ਸਕੂਲ ਮੁੱਖੀਆਂ ਵੱਲੋ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ।

ਇਸ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਭੇਜੇ ਸਕੂਲਾਂ ਦੀ ਸੂਚੀ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਇਸ ਵੱਲ ਧਿਆਨ ਦਿੰਦੇ ਹੋਏ ਪੰਜਾਬ ਸਕੂਲ ਸਿਖਿਆ ਬੋਰਡ ਨਾਲ ਤਾਲਮੇਲ ਕਰਕੇ ਤੁਰੰਤ ਇਹ ਪ੍ਰੋਫਾਰਮਾ ਭਰਿਆ ਜਾਵੇ। ਸਬੰਧਤ ਜਿਲ੍ਹਾ ਸਿਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿੱਜੀ ਪੱਧਰ ਤੇ ਸਕੂਲ ਮੁੱਖੀਆਂ ਨਾਲ ਤਾਲਮੇਲ ਕੀਤਾ ਜਾਵੇ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ

ਪਿੱਠ ਅੰਕਣ ਨੰਬਰ ਉਕਤ

ਮਿਤੀ: ਸ.ਅ.ਸ.ਨਗਰ,

ਉਤਾਰਾ ਚੇਅਰਮੈਨ, ਪੰਜਾਬ ਸਕੂਲ ਸਿਖਿਆ ਬੋਰਡ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ